# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ
# (ਸਿੱਖਿਆ 7 ਸ਼ਾਖਾ)

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)

ਮੀਮੋ ਨੰ: 1/14/09-01ਸਿ7/3199-3244
ਮਿਤੀ, ਚੰਡੀਗੜ੍ਹ: 15.07.2009.

**ਵਿਸ਼ਾ: ਅਧਿਆਪਕਾਂ ਦੀ ਪੋਸਟਿੰਗ ਬਾਰੇ।**

1.0 ਉਪਰੋਕਤ ਵਿਸ਼ੇ ਤੇ ਸਰਕਾਰ ਵੱਲੋਂ ਸਮੇ ਸਮੇ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਮਹਾਂਲੇਖਾਕਾਰ ਪੰਜਾਬ ਨੇ ਸਮੇ ਸਮੇ ਸਿਰ ਸਿੱਖਿਆ ਵਿਭਾਗ ਦਾ ਆੱਡਿਟ ਕਰਦੇ ਹੋਇਆਂ ਵੱਖ ਵੱਖ ਥਾਵਾਂ ਤੇ ਇਹ ਪਾਇਆ ਹੈ ਕਿ ਕਈ ਥਾਵਾਂ ਤੇ ਅਧਿਆਪਕ ਲੋੜ੍ਹ ਤੋਂ ਵੱਧ ਹਨ ਅਤੇ ਕਈ ਥਾਂ ਤੇ ਬੱਚਿਆਂ ਦੀ ਗਿਣਤੀ ਵੱਧ ਹੋਣ ਦੇ ਬਾਵਜੂਦ ਵੀ ਅਧਿਆਪਕ ਨਹੀਂ ਹਨ।

ਇਹ ਮੁੱਦਾ ਪੰਜਾਬ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਅੱਗੇ ਵੀ ਮਹਾਂਲੇਖਾਕਾਰ ਪੰਜਾਬ ਵੱਲੋਂ ਲਿਆਇਆ ਗਿਆ ਹੈ। ਇਸ ਬਾਰੇ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਦੀ ਮੌਖਿਕ ਪ੍ਰੀਖਿਆ ਵੀ ਪੀ.ਏ.ਸੀ. ਵੱਲੋਂ ਮਿਤੀ 14 ਜੁਲਾਈ, 2009 ਨੂੰ ਹੋਈ ਹੈ। ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਸਰਕਾਰ ਨੇ ਸਾਲ 2008 ਵਿੱਚ ਰੈਸ਼ਨੈਲਾਈਜੇਸ਼ਨ ਪਾਲਿਸੀ ਜਾਰੀ ਕੀਤੀ ਸੀ ਜਿਸ ਅਨੁਸਾਰ ਅਧਿਆਪਕਾਂ ਦੀ ਪੋਸਟਿੰਗ ਕੀਤੀ ਜਾਣੀ ਬਣਦੀ ਸੀ। ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਿਆਂ ਵਿੱਚ ਅਜੇ ਵੀ ਇਸ ਅਨੁਸਾਰ ਕਾਰਵਾਈ ਨਹੀਂ ਕੀਤੀ ਗਈ ਹੈ ਅਤੇ ਕਈ ਥਾਵਾਂ ਤੇ ਲੋੜ੍ਹ ਤੋਂ ਵੱਧ ਅਧਿਆਪਕ ਮੌਜੂਦ ਹਨ ਅਤੇ ਕੁੱਝ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ।

3.0 ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਇਆਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਰਕਾਰ ਦੀ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਅਨੁਸਾਰ ਹੀ ਕਾਰਵਾਈ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਕਿਸੀ ਵੀ ਸਕੂਲ ਵਿੱਚ ਲੋੜ੍ਹ ਤੋਂ ਵੱਧ ਅਧਿਆਪਕ ਨਾ ਹੋਣ ਅਤੇ ਜਿੱਥੇ ਅਧਿਆਪਕ ਘੱਟ ਹੋਣ, ਉੱਥੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਧਿਆਪਕ ਤੈਨਾਤ ਕੀਤੇ ਜਾਣ ਜਿਸ ਦੀ ਸੂਚਨਾ ਇਸ ਦਫਤਰ ਨੂੰ ਵੀ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਤਾਰਾ:

1. ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ (ਸੈ.ਸਿ), ਚੰਡੀਗੜ੍ਹ
2. ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ (ਐ.ਸਿ), ਚੰਡੀਗੜ੍ਹ
3. ਮੰਡਲ ਸਿੱਖਿਆ ਅਫ਼ਸਰ, ਜਲੰਧਰ/ਨਾਭਾ/ਫਰੀਦਕੋਟ
4. ਪੀ.ਏ. ਵਿ.ਸ.ਸ.ਸਿ (ਕੇ)/ ਡੀ.ਐਮ. (ਐਮ.ਆਈ.ਐਸ)